# ਬਲਡ ਟਰਾਂਸਫਿਊਜਨ ਕਰਾਉਣ ਸੰਬੰਧੀ ਜਾਣਕਾਰੀ:

ਇਹ ਸੂਚਨਾ ਪੱਤਰ ਦੱਸਦਾ ਹੈ ਕਿ ਤੁਹਾਨੂੰ ਬਲਡ ਟਰਾਂਸਫਿਊਜਨ ਦੀ ਲੋੜ ਕਿਉਂ ਪੈ ਸਕਦੀ ਹੈ ਅਤੇ ਇਸਨੂੰ ਲੈ ਕੇ ਕੀ ਉਮੀਦ ਰੱਖਣੀ ਚਾਹੀਦੀ ਹੈ। ਤੁਹਾਨੂੰ ਇਸਦੀ ਲੋੜ ਕਿਉਂ ਹੈ (ਜਾਂ ਕਿਉਂ ਪੈ ਸਕਦੀ ਹੈ) ਅਤੇ ਕੀ ਤੁਹਾਡੀ ਪਰਿਸਥਿਤੀ ਵਿੱਚ ਕੋਈ ਹੋਰ ਵਿਕਲਪ ਹਨ, ਇਸ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ।

## ਮੈਨੂੰ ਬਲਡ ਟਰਾਂਸਫਿਊਜਨ ਦੀ ਲੋੜ ਕਿਉਂ ਪੈ ਸਕਦੀ ਹੈ?

ਤੁਹਾਨੂੰ ਬਲਡ ਟਰਾਂਸਫਿਊਜਨ ਦੀ ਲੋੜ ਪੈ ਸਕਦੀ ਹੈ ਜੇਕਰ:

> ਸਰਜਰੀ, ਬੱਚੇ ਨੂੰ ਜਨਮ ਦੇਣ ਸਮੇਂ ਜਾਂ ਕਿਸੇ ਹੋਰ ਗੰਭੀਰ ਦੁਰਘਟਨਾ ਦੇ ਬਾਅਦ ਤੁਹਾਡਾ ਵਧੇਰੀ ਮਾਤਰਾ ਵਿੱਚ ਖੂਨ ਵੱਗ ਜਾਂਦਾ ਹੈ।

> ਤੁਸੀਂ ਅਜਿਹੇ ਅਨੀਮਿਆ (ਰੈਡ ਬਲਡ ਸੈੱਲਾਂ ਦੀ ਘਾਟ) ਨਾਲ ਪੀੜਿਤ ਹੋ ਜਿਸਦਾ ਇਲਾਜ ਇੱਕਲੇ ਆਇਰਨ ਜਾਂ ਹੋਰ ਵਿਟਾਮਿਨਾਂ ਨਾਲ ਨਹੀਂ ਕੀਤਾ ਜਾ ਸਕਦਾ ਹੈ।

> ਤੁਹਾਡਾ ਸ਼ਰੀਰ ਲੋੜੀਂਦਾ ਸਿਹਤਮੰਦ ਨਵੇਂ ਬਲਡ ਸੈੱਲਾਂ ਦਾ ਨਿਰਮਾਣ ਨਹੀਂ ਕਰ ਸਕਦਾ ਹੈ। ਅਜਿਹਾ ਬੋਨ ਮੈਰੋ ਦੀ ਸਮੱਸਿਆ ਜਾਂ ਕੀਮੋਥੇਰੇਪੀ ਕਰਕੇ ਹੋ ਸਕਦਾ ਹੈ।

## ਬਲਡ ਟਰਾਂਸਫਿਊਜਨ ਦੇ ਵੱਖ-ਵੱਖ ਪ੍ਰਕਾਰ ਕੀ ਹਨ?

ਦਾਨ ਕੀਤੇ ਖੂਨ ਨੂੰ ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਖਾਸ ਬੈਗਾਂ ਜਾਂ ਬੋਤਲਾਂ ਵਿੱਚ ਸੰਭਾਲ ਕੇ ਰੱਖਿਆ ਜਾਂਦਾ ਹੈ। ਫਿਰ ਤੁਹਾਨੂੰ ਕੇਵਲ ਉਹ ਭਾਗ ਹੀ ਚੜ੍ਹਾਇਆ ਜਾਂਦਾ ਹੈ ਜਿਸਦੀ ਲੋੜ ਤੁਹਾਡੇ ਸ਼ਰੀਰ ਨੂੰ ਹੁੰਦੀ ਹੈ। 3 ਮੁੱਖ ਭਾਗ ਹਨ:

> ਰੈਡ ਬਲਡ ਸੈੱਲਸ, ਜੋ ਮਾਸ-ਤੰਤੂਆਂ ਅਤੇ ਅੰਗਾਂ ਤਕ ਆਕਸੀਜਨ ਲੈ ਜਾਂਦੇ ਹਨ।

> ਪਲੇਟਲੇਟਸ, ਜੋ ਖੂਨ ਵੱਗਣਾ ਰੋਕਣ ਵਿੱਚ ਮਦਦ ਦਿੰਦੇ ਹਨ।

> ਪਲਾਜਮਾ, ਜਿਸ ਵਿੱਚ ਖੂਨ ਦੇ ਜਮਣ ਦੇ ਕਾਰਕ ( ਖੂਨ ਵੱਗਣਾ ਰੋਕਣ ਵਿੱਚ ਮਦਦ ਦੇਣ ਲਈ) ਅਤੇ ਨਾਲ ਹੀ ਹੋਰ ਪ੍ਰੋਟੀਨ ਅਤੇ ਐਂਟੀ-ਬਾਡੀਜ਼ (ਰੋਗਨਾਸ਼ਕ) ਹੁੰਦੇ ਹਨ।

## ਬਲਡ ਟਰਾਂਸਫਿਊਜਨ ਦੇ ਕੀ ਖਤਰੇ ਹਨ?

ਦੁਨੀਆ ਭਰ ਵਿੱਚ ਔਸਟ੍ਰੇਲੀਆ ਵਿੱਚ ਖੂਨ ਦੀ ਸਪਲਾਈ ਸਭ ਤੋਂ ਸੁਰੱਖਿਅਤ ਸਪਲਾਇਆਂ ਵਿੱਚੋਂ ਹੈ ਪਰ ਸਾਰੀਆਂ ਮੈਡੀਕਲ ਕਾਰਜਵਿਧੀਆਂ ਦੀ ਤਰ੍ਹਾਂ ਹੀ, ਬਲਡ ਟਰਾਂਸਫਿਊਜਨ ਖਤਰੇ ਤੋਂ ਖਾਲੀ ਨਹੀਂ ਹੈ।

ਟਰਾਂਸਫਿਊਜਨ ਦੇ ਸਭ ਤੋਂ ਆਮ ਖਤਰਿਆਂ ਵਿੱਚ ਸ਼ਾਮਲ ਹਨ:

> ਹਲਕੀ ਪ੍ਰਤਿਕ੍ਰਿਆਵਾਂ ਜਿਵੇਂ ਕਿ ਮਾਮੂਲੀ ਬੁਖਾਰ ਜਾਂ ਚਮੜੀ ਵਿੱਚ ਦਾਨਾ ਆਉਣਾ।

> ਲੋੜ ਤੋਂ ਵੱਧ IV ਡ੍ਰਿਪ ਦਿੱਤਾ ਜਾਣਾ, ਜਿਸ ਨਾਲ ਸਾਹ ਲੈਣ ਵਿੱਚ ਮੁਸ਼ਕਲ ਆ ਸਕਦੀ ਹੈ, ਖਾਸ ਕਰਕੇ ਬਜ਼ੁਰਗਾਂ ਅਤੇ ਦਿਲ ਦੀਆਂ ਸਮੱਸਿਆਵਾਂ ਨਾਲ ਗ੍ਰਸਤ ਲੋਕਾਂ ਵਿੱਚ।

ਟਰਾਂਸਫਿਊਜਨ ਕਰਕੇ ਬਹੁਤ ਘੱਟ ਹੋਣ ਵਾਲੇ ਖਤਰਿਆਂ ਵਿੱਚ ਸ਼ਾਮਲ ਹਨ:

> ਅਜਿਹਾ ਖੂਨ ਚੜਾਇਆ ਜਾਣਾ ਜੋ ਤੁਹਾਡੇ ਨਾਲ 'ਮੇਲ' ਨਾ ਖਾਉਂਦਾ ਹੋਵੇ।

> ਗੰਭੀਰ ਪ੍ਰਤਿਕ੍ਰਿਆਵਾਂ, ਜਿਵੇਂ ਕਿ ਐਲਰਜੀ ਜਾਂ ਫੇਫੜੀਆਂ ਵਿੱਚ ਗੰਭੀਰ ਸੱਟ।

> ਛੂਤ ਦਾ ਸੰਚਾਰ, ਜਿਵੇਂ ਕਿ ਬੈਕਟੀਰੀਆ ਜਾਂ ਵਾਇਰਸ।

ਪ੍ਰਤਿਕ੍ਰਿਆਵਾਂ ਤੇ ਕਰੀਬੀ ਨਜ਼ਰ ਬਣਾਏ ਰੱਖਣ ਅਤੇ ਛੇਤੀ ਕਦਮ ਚੁੱਕਣ ਵਿੱਚ ਕਰਮਚਾਰੀਆਂ ਨੂੰ ਸਿੱਖਿਆ ਪ੍ਰਾਪਤ ਹੁੰਦੀ ਹੈ।

## ਬਲਡ ਟਰਾਂਸਫਿਊਜਨ ਕਿਵੇਂ ਦਿੱਤਾ ਜਾਂਦਾ ਹੈ?

ਨਰਮ ਪਲਾਸਟਿਕ ਟਿਊਬ ਦਾ ਪ੍ਰਯੋਗ ਕਰਕੇ ਆਮ-ਤੌਰ 'ਤੇ ਤੁਹਾਡੀ ਬਾਂਹ ਜਾਂ ਹੱਥ ਵਿੱਚ, ਨਸ ਉੱਤੇ ਖੂਨ ਚੜਾਇਆ (ਡਰਿਪ ਕੀਤਾ) ਜਾਂਦਾ ਹੈ।

ਖੂਨ ਦੇ ਹਰੇਕ ਪੈਕ (ਇੱਕ ਯੂਨਿਟ) ਵਿੱਚ 4 ਘੰਟੇ ਦਾ ਸਮਾਂ ਲੱਗ ਸਕਦਾ ਹੈ, ਪਰ ਲੋੜ ਪੈਣ 'ਤੇ ਇਹ ਜਿਆਦਾ ਤੇਜ਼ੀ ਨਾਲ ਚੜ੍ਹਾਇਆ ਜਾ ਸਕਦਾ ਹੈ।

ਕਲਿਨਿਕ ਦੇ ਕਰਮਚਾਰੀ ਬਲਡ ਸੈਂਪਲ ਲਿੱਤੇ ਜਾਣ ਅਤੇ ਤੁਹਾਡੇ ਟਰਾਂਸਫਿਊਜਨ ਤੋਂ ਕੁੱਝ ਦੇਰ ਪਹਿਲਾਂ ਤੁਹਾਡੀ ਪਛਾਣ ਦੀ ਕੜੀ ਜਾਂਚ ਕਰਣਗੇ। ਇਹ ਮਹੱਤਵਪੂਰਣ ਹੈ ਕਿ ਤੁਸੀ ID ਬੈਂਡ ਪਾਇਆ ਹੋਵੇ ਅਤੇ ਪੁੱਛੇ ਜਾਣ 'ਤੇ ਆਪਣਾ ਪੂਰਾ ਨਾਂ ਅਤੇ ਆਪਣੀ ਜਨਮ ਦੀ ਤਰੀਕ ਦੱਸੋ। ਇਹ ਇਸਲਈ ਤਾਂਜੋ ਤੁਹਾਨੂੰ ਗਲਤ ਖੂਨ ਨਾ ਚੜ੍ਹਾਇਆ ਜਾਵੇ (ਜੋ ਕਿਸੇ ਹੋਰ ਵਿਅਕਤੀ ਲਈ ਹੋਵੇ)। ਕਰਮਚਾਰੀਆਂ ਦੁਆਰਾ ਤੁਹਾਡੀ ਪਛਾਣ ਦੀ ਜਾਂਚ ਕਰਦੇ ਸਮੇਂ ਕੋਈ ਸਮੱਸਿਆ ਹੋਣ 'ਤੇ ਦੱਸੋ। ਯਕੀਨੀ ਬਣਾਓ ਕਿ ਤੁਹਾਡਾ ਵੇਰਵਾ (ਸਪੇਲਿੰਗ ਸਹਿਤ) 100% ਸਹੀ ਹੈ।

Government of South Australia
SA Health

© Department for Health & Wellbeing, Government of South Australia.
ਸਾਰੇ ਅਧਕਿਾਰ ਸੁਰੱਖਿਅਤ ਹਨ। *BloodSafe TP-L3-813 v2.1 2023*

## ਬਲਡ ਟਰਾਂਸਫਿਊਜਨ ਦੌਰਾਨ ਮੈਨੂੰ ਕਿਵੇਂ ਮਹਿਸੂਸ ਹੋਵੇਗਾ?

ਜਿਆਦਾਤਰ ਲੋਕ ਆਪਣੇ ਟਰਾਂਸਫਿਊਜਨ ਦੌਰਾਨ ਕੁੱਝ ਵੱਖਰਾ ਮਹਿਸੂਸ ਨਹੀਂ ਕਰਦੇ ਹਨ। ਕੁੱਝ ਲੋਕਾਂ ਨੂੰ ਹਲਕਾ ਬੁਖਾਰ ਹੁੰਦਾ ਹੈ, ਠੰਡ ਲੱਗਦੀ ਹੈ ਜਾਂ ਦਾਨਾ ਨਿਕਲਦਾ ਹੈ। ਇਹ ਆਮ-ਤੌਰ 'ਤੇ ਹੱਲਕੀ ਪ੍ਰਤੀਕਿਰਆ ਜਾਂ ਐਲਰਜੀ ਦੇ ਕਾਰਨ ਹੁੰਦਾ ਹੈ। ਇਨ੍ਹਾਂ ਦਾ ਇਲਾਜ ਦਵਾਈ ਨਾਲ (ਬੁਖਾਰ ਘੱਟਾਉਣ ਲਈ), ਜਾਂ ਖੂਨ ਹੌਲੀ-ਹੌਲੀ ਚੜ੍ਹਾਕੇ ਕੀਤਾ ਜਾ ਸਕਦਾ ਹੈ।

ਟਰਾਂਸਫਿਊਜਨ ਦੌਰਾਨ ਕਿਸੇ ਸਮਸਿਆਵਾਂ ਲਈ ਕਰਮਚਾਰੀ ਧਿਆਨ ਰੱਖਦੇ ਹੋਏ ਤੁਹਾਡੀ ਨਿਗਰਾਨੀ ਕਰਨਗੇ। ਇਸਦਾ ਮਤਲੱਬ ਹੈ ਨੇਮੀ ਤਰੀਕੇ ਮੁਤਾਬਕ ਸਮੇਂ-ਸਮੇਂ ਤੇ ਤੁਹਾਡੀ ਨਬਜ, ਬਲਡ ਪ੍ਰੇਸ਼ਰ ਅਤੇ ਤਾਪਮਾਨ ਦੀ ਜਾਂਚ ਕਰਣਾ। ਜੇਕਰ ਟਰਾਂਸਫਿਊਜਨ ਦੌਰਾਨ ਕਦੇ ਵੀ ਤੁਸੀ ਠੀਕ ਮਹਿਸੂਸ ਨਹੀਂ ਕਰਦੇ/ਕਰਦੀ ਹੋ, ਤਾਂ ਇਹ ਮਹੱਤਵਪੂਰਣ ਹੈ ਕਿ ਤੁਸੀ ਤੁਰੰਤ ਹੀ ਨਰਸ ਨੂੰ ਦੱਸੋ।

## ਕੀ ਮੈਂ ਟਰਾਂਸਫਿਊਜਨ ਤੋਂ ਇਨਕਾਰ ਕਰ ਸਕਦਾ/ਸਕਦੀ ਹਾਂ?

ਇਲਾਜ ਕਰਾਉਣਾ ਤੁਹਾਡਾ ਫੈਸਲਾ ਹੈ। ਤੁਹਾਨੂੰ ਇਨਕਾਰ ਕਰਣ ਦਾ ਹੱਕ ਹੈ, ਪਰ ਅਜਿਹਾ ਕਰਣ ਤੋਂ ਪਹਿਲਾਂ ਇਹ ਜਰੂਰੀ ਹੈ ਕਿ ਤੁਸੀ ਇਸਦੇ ਨਤੀਜਾ ਪੂਰੀ ਤਰ੍ਹਾਂ ਸੱਮਝ ਲਵੋ। ਜੇਕਰ ਬਲਡ ਟਰਾਂਸਫਿਊਜਨ ਸਵੀਕਾਰ ਨਾ ਕਰਣ ਦਾ ਤੁਹਾਡਾ ਕੋਈ ਕਾਰਨ ਹੈ, ਤਾਂ ਕ੍ਰਿਪਾ ਕਰਕੇ ਹੁਣੇ ਆਪਣੇ ਡਾਕਟਰ ਨੂੰ ਦੱਸੋ।

## ਆਪਣੇ ਡਾਕਟਰ ਤੋਂ ਕੀ ਪੁੱਛੋ

- ☐ ਮੈਨੂੰ ਬਲਡ ਟਰਾਂਸਫਿਊਜਨ ਦੀ ਲੋੜ ਕਿਉਂ ਹੈ?
- ☐ ਮੇਰੀ ਪਰਿਸਥਿਤੀ ਵਿੱਚ ਇਸਦੇ ਫਾਇਦੇ ਅਤੇ ਖਤਰੇ ਕੀ ਹਨ?
- ☐ ਕੀ ਕੋਈ ਹੋਰ ਵਿਕਲਪ ਹਨ?
- ☐ ਕੋਈ ਹੋਰ ਗੱਲ ਜੋ ਤੁਸੀਂ ਨਹੀਂ ਸਮਝਦੇ/ਸਮਝਦੀ ਹੋ, ਜਿਸਨੂੰ ਲੈ ਕੇ ਤੁਹਾਨੂੰ ਚਿੰਤਾ ਹੈ ਜਾਂ ਜਿਸ ਬਾਰੇ ਤੁਸੀਂ ਵੇਰਵਾ ਲੈਣਾ ਚਾਹੁੰਦੇ ਹੋ।

ਜੇਕਰ ਤੁਹਾਡੀ ਯੋਜਨਾਬੱਧ ਸਰਜਰੀ ਹੋਣ ਵਾਲੀ ਹੈ:

- ☐ ਕੀ ਬਲਡ ਟਰਾਂਸਫਿਊਜਨ ਦੀ ਮੇਰੀ ਲੋੜ ਨੂੰ ਘੱਟ ਕਰਨ ਲਈ ਮੈਂ ਕੁੱਝ ਕਰ ਸਕਦਾ/ਸਕਦੀ ਹਾਂ?
- ☐ ਕੀ ਮੈਨੂੰ ਅਨੀਮਿਆ ਹੋਣਾ ਸ਼ੁਰੂ ਹੋ ਰਿਹਾ ਹੈ ਜਾਂ ਮੇਰੇ ਵਿੱਚ ਅਨੀਮਿਆ ਦੀ ਘਾਟ ਹੋ ਰਹੀ ਹੈ ਅਤੇ ਇਸਨੂੰ ਕਿਵੇਂ ਠੀਕ ਕੀਤਾ ਜਾ ਸਕਦਾ ਹੈ?
- ☐ ਕੀ ਇਸ ਆਪਰੇਸ਼ਨ ਵਿੱਚ ਵੱਗਣ ਵਾਲੇ ਖ਼ੂਨ ਨੂੰ ਸਾਂਭ ਕੇ ਮੈਨੂੰ ਵਾਪਸ ਚੜਾਇਆ ਜਾ ਸਕਦਾ ਹੈ?

## ਆਪਣੇ ਡਾਕਟਰ ਨੂੰ ਕੀ ਦੱਸੋ

ਤੁਹਾਡੇ ਆਪਣੇ ਡਾਕਟਰ ਨੂੰ ਦੱਸਣਾ ਚਾਹੀਦਾ ਹੈ ਜੇਕਰ:

- ☐ ਤੁਹਾਡੇ ਕੋਲ ਬਲਡ ਟਰਾਂਸਫਿਊਜਨ ਸਵੀਕਾਰ ਨਾ ਕਰਨ ਦਾ ਕੋਈ ਕਾਰਨ ਹੈ।
- ☐ ਪਹਿਲਾਂ ਬਲਡ ਟਰਾਂਸਫਿਊਜਨ ਨੂੰ ਲੈ ਕੇ ਤੁਹਾਨੂੰ ਕੋਈ ਪ੍ਰਤਿਕ੍ਰਿਆ ਜਾਂ ਸਮੱਸਿਆ ਪੇਸ਼ ਆਈ ਹੈ।
- ☐ ਤੁਸੀਂ ਇਹ ਜਾਣਦੇ ਹੋ ਕਿ ਤੁਹਾਡੀਆਂ ਕੋਈ ਖਾਸ ਟਰਾਂਸਫਿਊਜਨ ਸੰਬੰਧੀ ਲੋੜਾਂ ਜਾਂ ਜ਼ਰੂਰਤਾਂ ਹਨ।
- ☐ ਤੁਸੀ ਖੂਨ ਨੂੰ ਪਤਲਾ ਕਰਣ ਵਾਲੀ ਦਵਾਈਆਂ ਦਾ ਸੇਵਨ ਕਰ ਰਹੇ ਹੋ (ਜਿਵੇਂ ਕਿ aspirin, warfarin, clopidogrel, apixaban, dabigatran, rivaroxaban), ਜਿਸਦੇ ਨਾਲ ਵੱਧ ਖੂਨ ਵੱਗ ਸਕਦਾ ਹੈ। ਜੇਕਰ ਤੁਹਾਡੀ ਸਰਜਰੀ ਹੋਣ ਵਾਲੀ ਹੈ, ਤਾਂ ਆਪਣੇ ਡਾਕਟਰ ਤੋਂ ਪੁੱਛੋ ਕਿ ਕੀ ਆਪਰੇਸ਼ਨ ਤੋਂ ਪਹਿਲਾਂ ਇਨ੍ਹਾਂ ਦਾ ਸੇਵਨ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਨਹੀਂ ਅਤੇ ਅਜਿਹਾ ਕਦ ਕਰਣਾ ਚਾਹੀਦਾ ਹੈ। ਕ੍ਰਿਪਾ ਕਰਕੇ ਯਾਦ ਰੱਖੋ, ਤੁਹਾਡੀ ਸੁਰੱਖਿਆ ਲਈ, ਕੇਵਲ ਤੁਹਾਡਾ ਡਾਕਟਰ ਹੀ ਇਹ ਫੈਸਲਾ ਲੈ ਸਕਦਾ ਹੈ ਕਿਉਂਕਿ ਇਨ੍ਹਾਂ ਦਾ ਸੇਵਨ ਕਰਣਾ ਰੋਕਣ ਦੇ ਖਤਰੇ ਇਸਨੂੰ ਰੋਕਣ ਤੋਂ ਪ੍ਰਾਪਤ ਹੋਣ ਵਾਲੇ ਲਾਭਾਂ ਦੀ ਤੁਲਣਾ ਵਿੱਚ ਜਿਆਦਾ ਹੋ ਸੱਕਦੇ ਹਨ।
- ☐ ਤੁਸੀ ਕੋਈ ਹੋਰ ਦਵਾਈਆਂ (ਇਸ ਵਿੱਚ ਹਰਬਲ ਦਵਾਈਆਂ ਸ਼ਾਮਿਲ ਹਨ) ਅਤੇ ਬਿਨਾਂ ਪ੍ਰਿਸਕ੍ਰਿਪਸ਼ਨ ਕਾਊਂਟਰ ਤੋਂ ਖਰੀਦੀ ਜਾ ਸਕਣ ਵਾਲੀਆਂ ਦਵਾਈਆਂ ਦਾ ਸੇਵਨ ਕਰ ਰਹੇ ਹੋ ਕਿਉਂਕਿ ਇਹਨਾਂ ਵਿਚੋਂ ਕੁੱਝ ਦਵਾਇਆਂ ਖੂਨ ਨੂੰ ਪਤਲਾ ਕਰ ਸਕਦੀਆਂ ਹਨ।

## ਜੇਕਰ ਬਲਡ ਟਰਾਂਸਫਿਊਜਨ ਨੂੰ ਲੈ ਕੇ ਮੇਰੀਆਂ ਹੋਰ ਚਿੰਤਾਵਾਂ ਹੋਣ ਤਾਂ ਕੀ?

ਜੇਕਰ ਤੁਹਾਡੀ ਕੋਈ ਚਿੰਤਾਵਾਂ ਹਨ, ਭਾਵੇਂ ਉਹ ਤੁਹਾਨੂੰ ਕਿੰਨੀ ਮਾਮੂਲੀ ਕਿਉਂ ਨਾ ਲੱਗਣ, ਤੁਹਾਨੂੰ ਆਪਣੇ ਡਾਕਟਰ, ਨਰਸ ਜਾਂ ਮਿਡਵਾਇਫ ਨਾਲ ਗੱਲ ਕਰਣੀ ਚਾਹੀਦੀ ਹੈ।

### ਵਧੇਰੀ ਜਾਣਕਾਈ ਲਈ:

ਜੇਕਰ ਤੁਹਾਡੇ ਕੋਲ ਇੰਟਰਨੇਟ ਦੀ ਸਹੂਲਤ ਹੈ ਅਤੇ ਤੁਸੀ ਟਰਾਂਸਫਿਊਜਨ ਬਾਰੇ ਹੋਰ ਜਾਣਨਾ ਚਾਹੁੰਦੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਹੇਠਾਂ ਦਿੱਤੀ ਵੈੱਬ-ਸਾਈਟ ਫਾਇਦੇਮੰਦ ਲੱਗੇ: www.lifeblood.com.au/patients

The English language version of this document has been reviewed and endorsed by CAG* for consumers and the community – January 2023

*SA Health Community Advisory Group

Government of South Australia

SA Health

BloodSafe

ਮਰੀਜ਼ਾਂ ਲਈ ਸਮੱਗਰੀ ਇਸ ਵੈੱਬ-ਸਾਈਟ 'ਤੇ ਉਪਲਬਧ ਹੈ: www.sahealth.sa.gov.au/bloodorgantissue

© Department for Health & Wellbeing, Government of South Australia. ਸਾਰੇ ਅਧਿਕਾਰ ਸੁਰੱਖਿਅਤ ਹਨ। *BloodSafe TP-L3-813 v2.1 2023*